**PUNJAB STATE POWER CORPORATION LIMITED**
(O/O CE/Commercial, Patiala, Ph.No.0175-2214495)
Regd. Office- PSEB Head Office, The Mall, Patiala-147001
Corporate Identity Number:U40109PB20108GC033813
email: ce-commercial@pspcl.inseregulation1@gmail.comsesalestwo@gmail.com

**Commercial Circular No. 22 /2023**

To

All Engineer-in-Chief/Chief Engineer(DS),
Under Punjab State Power Corporation Limited.

Memo No. **199-203/SR-56/OTS** Dated:**26.05.2023**

**Sub: One Time Settlement Scheme for all categories of defaulting consumers(except AP).**

PSPCL has decided to launch One Time Settlement Scheme for its esteemed consumers to give an opportunity to all categories of defaulting consumers (except AP) to settle the default of payment/defaulting amount existing as on 30.09.2022. This scheme shall be applicable for a period of three months from the date of issue of this circular. Processing fee for consumers opting OTS under Industrial category shall be Rs. 5000/- and for non-industrial category Rs. 2000/-, which shall be adjustable towards the final settled amount under OTS scheme. In case consumer fails to deposit the settled amount intimated through the subsequent notice then the processing fee deposited with the PSPCL shall be forfeited and the consumer's request for settlement of default under OTS shall be deemed to be cancelled.

**All those Govt. Connections who deposited their defaulting amount by 31st March, 2023 as per PSPCL letter no. 127/131 dt. 24.03.2023, shall be included in the present OTS scheme.**

Various consumer associations/ individual consumers should be informed about the scheme directly also so that maximum no. of eligible consumers can avail the benefit of the scheme. The field officers shall contact such effected consumers through various means such as social media, personal contact, advertisement etc. who qualify for this scheme to give wide publicity for the same.

Cases will be processed on a first-come, first-served basis, with seniority determined by the date of processing fee deposit. Priority will be given to cases involving disconnections where the consumer/applicant seeks reconnection.

The detailed terms & conditions of this One Time Settlement Scheme as approved by PSERC is attached herewith as **Annexure-A.**

*Further, to expedite the matter for finalization of the settlement amount under OTS, normally, the case be processed and cleared at the earliest not exceeding within 60 days from the date of deposit of processing fee along with the requisite documents by the applicant. However, it may be extended further upto 30 days i.e in total 90 days, by issuance of speaking order by the same committee giving justification for the extension.*

Meticulous compliance of the instructions may please be ensured.

This issues with the approval of competent authority.

**DA/Annexure-A**

26/5/23

Dy.CE/Regulation,
for CE/Commercial,
PSPCL, Patiala.

ਪਿੱਠ ਅੰਕਣ ਨੰ: 204-212/**ਐਸ.ਆਰ.-56/OTS** ਮਿਤੀ: **26.05.2023**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾਹੈ:-

1. ਮਾਨਯੋਗ ਬਿਜਲੀ ਮੰਤਰੀ, ਕਮਰਾਨੰ: 533/534,5ਵੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ/ਬਿਜਲੀ ਵਿਭਾਗ,ਪੰਜਾਬ ਸਰਕਾਰ, ਕਮਰਾ ਨੰ:6,ਪੰਜਾਬ ਸਿਵਲ ਸੈਕਟਰੀਏਟ,ਸੈਕਟਰ-1, ਚੰਡੀਗੜ੍ਹ।
3. ਪ੍ਰਿੰਸੀਪਲ ਸੈਕਟਰੀ/ਫਾਇਨਾਸ ਟੂ ਗੋਰਮਿੰਟ ਪੰਜਾਬ ਐਕਸ ਆਫੀਸੋ ਮੈਂਬਰ,ਪੰਜਾਬ ਸਰਕਾਰ, ਚੰਡੀਗੜ੍ਹ।
4. ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ ਵਿਭਾਗ, ਉਦਯੋਗ ਭਵਨ, ਸੈਕਟਰ-17, ਚੰਡੀਗੜ੍ਹ।
5. ਪ੍ਰੈਜ਼ੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) ਐਸ.ਸੀ.ਓ.ਨੰ:ਨੰ: 3009-10, ਸੈਕਟਰ-22, ਚੰਡੀਗੜ੍ਹ
6. ਸਕੱਤਰ, ਪੀ.ਐਸ.ਈ.ਆਰ.ਸੀ., ਸਾਈਟ ਨੰ:3,ਸੈਕਟਰ-18 ਏ, ਮਧਿਆ ਮਾਰਗ, ਚੰਡੀਗੜ੍ਹ-160018
7. ਲੋਕਪਾਲ, ਬਿਜਲੀ, ਪੰਜਾਬ, 66 ਕੇ.ਵੀ.ਗਰਿਡ ਸਬ ਸਟੇਸ਼ਨ,ਪਲਾਟਨੰ: ਏ-2, ਉਦਯੋਗਿਕ ਖੇਤਰ, ਫੇਸ.1, ਐਸ.ਏ.ਐਸ. ਨਗਰ (ਮੋਹਾਲੀ)-160055
8. ਵਿਸ਼ੇਸ਼ ਸਕੱਤਰ ਟੂ ਬਿਜਲੀ ਮੰਤਰੀ, ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
9. ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡੀਸਟਰੀਜ਼ ਪੰਜਾਬ, ਸੈਕਟਰ -17, ਚੰਡੀਗੜ੍ਹ।

26/5/23

ਵਧੀਕ ਨਿਗ: ਇੰਜ:/ਸੇਲਜ਼ ਰੈਗੂਲੇਸ਼ਨ,
ਵਾ:ਮੁੱਖ ਇੰਜੀਨੀਅਰ / ਵਣਜ,
ਪੀ.ਐਸ.ਪੀ.ਸੀ.ਐਲ, ਪਟਿਆਲਾ।

<u>ਸੀ.ਸੀ.</u>

The following may download the circular from PSPCL website (www.pspcl.in).

1. ਪੀ.ਐਸ.ਟੂ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
2. ਸਾਰੇ ਨਿਰਦੇਸ਼ਕ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
3. ਮੁੱਖ ਇੰਜ:/ ਚੇਅਰਮੈਨ (ਫੋਰਮ), ਫਿਰੋਜ਼ਪੁਰ ਰੋਡ, ਲੁਧਿਆਣਾ।
4. ਮੁੱਖ ਪ੍ਰਬੰਧਕੀ ਅਤੇ ਆਈ.ਆਰ., ਪੀ.ਐਸ.ਪੀ.ਸੀ.ਐਲ., ਪਟਿਆਲਾ।
5. ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
6. ਮੁੱਖ ਆਡੀਟਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
7. ਮੁੱਖ ਇੰਜਨੀਅਰ/ਏ.ਆਰ.ਆਰ. ਤੇ ਟੀ.ਆਰ., ਪੀ.ਐਸ.ਪੀ.ਸੀ.ਐਲ., ਪਟਿਆਲਾ।
8. ਮੁੱਖ ਇੰਜ:/ਆਈ.ਟੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
9. ਡੀ.ਜੀ.ਐਮ./ਆਈ.ਟੀ.,(ਐਸ.ਡੀ.ਅਤੇ ਆਈ.) ਪੀ.ਐਸ.ਪੀ.ਸੀ.ਐਲ., ਪਟਿਆਲਾ।
10. ਸਾਰੇ ਨਿਗਰਾਨ ਇੰਜਨੀਅਰ (ਵੰਡ), ਪੀ.ਐਸ.ਪੀ.ਸੀ.ਐਲ.।
11. ਉਪ ਮੁੱਖ ਇੰਜ/ਸੇਲਜ਼-1 ਅਤੇ ਉਪ ਮੁੱਖ ਇੰਜ/ਸੇਲਜ਼-2, ਪੀ.ਐਸ.ਪੀ.ਸੀ.ਐਲ., ਪਟਿਆਲਾ।
12. ਸਾਰੇ ਵਧੀਕ ਨਿਗ:ਇੰਜ:/ ਸੀ.ਕਾ.ਕਾ.ਇੰਜ./ਏ.ਈ.ਈ./ਏ.ਈ ਅਧੀਨ ਵੰਡ ਸੰਸਥਾ ਅਤੇ ਵਣਜ ਸੰਸਥਾ।

**Annexure-A**

A) **Eligibility Criteria:**One Time Settlement Policy shall be applicable to all categories of consumers (except AP) who opt for this scheme. The eligibility criteria is as under:-

i). All consumers who have defaulted in payment of energy bills and surcharge/ interest thereon, Additional Security (consumption) / interest thereon, arrears of Voltage Surcharge and interest thereon, etc. but have **not been disconnected** due to subsequent payments against energy bills.

ii). Govt. Department's connections who have defaulted in payment of energy bills for supply of electricity **but could not be disconnected** in public interest and are ready for One Time Settlement.

iii). All consumers who are **disconnected** due to any type of default before the issue of One Time Settlement Policy.

iv). All consumers who are under any type of dispute and are willing for out of Court settlement of the outstanding dues/ defaulting amount. The disputed outstanding amount may include arrears/ sundries charged on account of Wrong Metering, Load Surcharge, Demand Surcharge, Power Factor Surcharge, Supply Voltage Surcharge, PLEC, Overhauling of Account of previous period as per General Conditions of Tariff & Schedules of Tariff but shall not include amount assessed on account of theft of electricity/UUE.

However, the cases in which some issues stand decided by any Court, that particular issue/decision of the Dispute Settlement Mechanism/Court shall not be covered under the scheme. Further, the cases pending before the courts which have not yet been finalized would have to be withdrawn before the defaulters are considered under OTS scheme and then arrears can be settled under present OTS scheme.

v). All consumers who have been disconnected on account of any default and want to clear the outstanding amount only and do not want reconnection **but only NOC.**

vi). This scheme shall be applicable to those consumers whose default of payment/defaulting amount existed as **on 30.09.2022** and default is outstanding till the date of issue of Commercial Circular.

vii). All those Govt. Connections who deposited their defaulting amount by 31stMarch, 2023 as per PSPCL letter no. 127/131 dt. 24.03.2023, shall be included in the present OTS scheme.

viii). This scheme shall be valid for a period of three months from the date of issue of commercial circular.

B) **Terms and conditions of the scheme**

i). **For all consumers who have not been disconnected** under Para (A), the unpaid outstanding amount/ defaulting (single default or more than one) amount except on account of Additional Security (Consumption) shall be payable with **simple rate of interest @ 9% per annum** from the date it became due till the issue of notice to the consumer opting OTS, regarding final settlement. For calculation of defaulting amount, it may be ensured that the amount paid by a consumer against subsequent energy bill after default is adjusted first against the current energy bill only and then against arrears on account of previous bills/ interest.

ii). **For consumers who have been disconnected**, the amount payable shall be the defaulting amount computed as per Para B(i) with simple rate of interest **@ 9% per annum** from the date it becomes due along with fixed charges/MMC payable as approved by the Commission for the period of disconnection subject to following:-

a). If PDCO is effected for less than 6 months from the date of applicability of this scheme i.e. 30.09.2022, then no Fixed Charges/MMC for such period is to be leviable. In addition to this, the consumer shall pay Security (Consumption) as applicable in accordance with Schedule of General Charges alongwith reconnection fee. No Service Connection Charges (SCC) are payable.

b). If PDCO is effected for more than 6 months from the date of applicability of this scheme i.e. 30.09.2022, then Fixed Charges/MMC shall be leviable for**maximum period of six months**. Fresh technical feasibility clearance shall be required in this case. In addition to this, the consumer shall pay Security (Consumption) as applicable in accordance with Schedule of General Charges alongwithreconnection fee. Regarding Service Connection Charges (SCC) following provisions shall be followed:-

i) If the reconnection can be done from the existing line/system, no Service Connection Charges (SCC) would be recovered.

ii) In case service line has been dismantled or otherwise stands utilized for other consumers, then the actual expenditure incurred by PSPCL for reconnection shall be recovered from the consumer.

**NOTE: - Reconnection charges are to be paid in all cases where connection stand disconnected.**

iii). For the defaulting amount of Additional Security (Consumption), if the consumer deposits the same in lumpsum then there shall be no penalty for delay in depositing the Additional Security (Consumption).

iv). In case of request for installments, of the settled amount along with Additional Security (Consumption) under the policy, the same may be allowed along with simple rate of interest @ 9% per annum. **Recovery of settled dues shall be through a maximum of four installments over a period of one year. However, for Govt. Connections, the period of installments for recovery of pending**

**amount after settlement in above scheme may be three years to take the benefit of the RDSS scheme of Govt. of India.**

In case of installments, the amount shall first be adjusted against the outstanding bills, then interest and lastly against Additional Security (Consumption), if any. However, the consumer shall deposit post dated cheques for the balance installments in advance at the time of deposit of first installment.

v). The Govt. levies such as Electricity Duty, Octroi, Municipal Tax, Cow Cess& Infrastructure Development Cess,.etc. shall be payable as assessed and billed in the first instance being State Government levies.

vi). The consumer willing to settle the arrears/defaulting amount shall be required to submit an option/undertaking for One Time Settlement and relevant documents to the respective Operation Subdivision. The complete detail of charges as recoverable from the consumer as per terms & conditions of the policy for One Time Settlement shall be forwarded by the Sub division office to the Authority for approval only after **pre-audit by AO/Field.**

vii). The benefits of this scheme shall be allowed to any consumer only once by the following Committees for the total outstanding amount of arrear/ defaulting amount specified against each.

| Sr. no. | Authority to approve the Settlement Amount | Total Outstanding/ Defaulting Amount |
|---|---|---|
| 1) | Committee consisting of Addl.SE/ Sr.Xen/DS concerned and AO/Field. | Upto Rs.10 lacs |
| 2) | Committee consisting of Dy.CE/ SE/DS concerned and Dy.CAO/ Dy.CA of Zone. | Above Rs.10 lacs &upto Rs.20 lacs |
| 3) | Committee consisting of EIC/CE / DS concerned along with CAO/CA of concerned ZDSC. | Above Rs.20 lacs &upto Rs.50 lacs |
| 4) | CE/Commercial with the approval of Director/C & Director/Finance | Above Rs.50 lacs |

In case the payment of settled amount is allowed by the Committee/ CE/Commercial in installments, the payment of first installment shall not be later than one month from the date of receipt of intimation of settled amount by the consumer.

viii). After approval of the case by the Competent Authority, the consumer shall be intimated through registered post/by hand for depositing the requisite charges under One Time Settlement.

ix). Once a relief under this scheme is availed, no further review/relief shall be admissible and the case finalized under this scheme shall not be referable to any DSC/Forum for Redressal of Grievances of consumer/ Ombudsman/ Judicial

Courts etc.

x). The cases of Theft and Unauthorized use of Electricity as per Reg-36 & 37 of Supply Code shall not be covered in this scheme.

xi). Dy.CE/SE Operation and Addl.SE/Sr.Xen Operation shall give wide publicity of the scheme to apprise the Consumers about the consumer friendly One Time Settlement Scheme introduced by PSPCL.

xii). Processing fee for consumers opting OTS under Industrial category shall be Rs. 5000/- and for non-industrial category Rs. 2000/-, which shall be adjustable towards the final settled amount under OTS scheme.

xiii). However, 100% Principal amount is to be recovered.

xiv). In case the consumer fails to pay the due principal amount in lumpsum or specified installments, the full LPS/LPI amount as per PSERC regulations shall be revived and consumer will be considered out of scheme.

xv). **The approval process shall be made as simple as possible without harassment to the Consumers for finalization of the settlement amount.**

xvi). **Revenue which would have accrued to PSPCL from late payment surcharge as per clause 27(c) of PSERC MYT Regulations 2022 will be treated as notional interest under non tariff income to avoid burden of loss/expense on this account to other consumers. This shall be settled on the account of PSPCL and will not be a pass through in the ARR.**

xvii). **PSPCL shall furnish the case-wise information i.e. payments recoverable as per PSPCL record, amount realized, benefit of LPS / LPI provided to the consumers under the OTS scheme etc. to the Commission within one month from the date of end of the scheme.**

26/5/23

**Dy.CE/Regulation,**
**for CE/Commercial,**
**PSPCL, Patiala.**

# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ ਮੁੱਖ ਇੰਜੀਨੀਅਰ/ਵਣਜ, ਪਟਿਆਲਾ ਫੋਨ ਨੰ: 0175-2214495)
ਰਜਿ: ਦਫਤਰ-ਪੀ.ਐਸ.ਈ.ਬੀ. ਮੁੱਖ ਦਫਤਰ, ਦਾ ਮਾਲ, ਪਟਿਆਲਾ-147001
ਕਾਰਪੋਰੇਟ ਆਈ.ਡੀ.ਨੰ: U40109PB20108GC033813
ਫੈਕਸ 0175-2210320 ਈਮੇਲ: ce-commercial@pspcl.in seregulation1@gmail.com


**ਵਣਜ਼ ਗਸ਼ਤੀ ਪੱਤਰ ਨੰ: 22/2023**

ਵੱਲ

ਸਾਰੇ ਪ੍ਰਮੁੱਖ ਇੰਜਨੀਅਰ/ਮੁੱਖ ਇੰਜਨੀਅਰ(ਸੰਚਾਲਣ)
ਅਧੀਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ।

ਮਿਤੀ : 26/05/2023

ਮੀਮੋ ਨੰ: 199-203/**ਐਸ.ਆਰ.-56/OTS**

ਵਿਸ਼ਾ: **ਡਿਫਾਲਟਰ ਖਪਤਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ (ਏ.ਪੀ ਨੂੰ ਛੱਡ ਕੇ) ਲਈ ਓ.ਟੀ.ਐਸ. ਯੋਜਨਾਂ।**

ਪੀ.ਐਸ.ਪੀ.ਸੀ.ਐਲ ਨੇ ਆਪਣੇ ਮਾਣਯੋਗ ਖਪਤਕਾਰਾਂ ਲਈ ਓ.ਟੀ.ਐਸ. ਯੋਜਨਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ਤਾਂ ਜ਼ੋ ਡਿਫਾਲਟਰ ਖਪਤਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ (ਏ.ਪੀ ਨੂੰ ਛੱਡ ਕੇ) ਨੂੰ ਮਿਤੀ 30/09/2022 ਤੱਕ ਡਿਫਾਲਟਿੰਗ ਰਕਮ ਦਾ ਨਿਪਟਾਰਾ ਕਰਨ ਦਾ ਮੌਕਾ ਦਿੱਤਾ ਜਾ ਸਕੇ। ਇਹ ਸਕੀਮ ਇਸ ਸਰਕੂਲਰ ਦੇ ਜਾਰੀ ਹੋਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੀ ਮਿਆਦ ਲਈ ਲਾਗੂ ਹੋਵੇਗੀ। ਉਦਯੋਗਿਕ ਸ਼੍ਰੇਣੀ ਦੇ ਅਧੀਨ ਓ.ਟੀ.ਐਸ. ਦੀ ਚੋਣ ਕਰਨ ਵਾਲੇ ਖਪਤਕਾਰਾਂ ਲਈ ਪ੍ਰੋਸੈਸਿੰਗ ਫੀਸ 5000/- ਰੁਪਏ ਅਤੇ ਗੈਰ ਉਦਯੋਗਿਕ ਸ਼੍ਰੇਣੀ ਲਈ ਪ੍ਰੋਸੈਸਿੰਗ ਫੀਸ 2000/- ਰੁਪਏ ਹੋਵੇਗੀ ਜੋ ਕਿ ਓ.ਟੀ.ਐਸ. ਯੋਜਨਾਂ ਦੇ ਤਹਿਤ ਅੰਤਿਮ ਨਿਪਟਾਰੇ ਯੋਗ ਰਕਮ ਵਿਚ ਅਡਜਸਟ ਕੀਤੀ ਜਾਵੇਗੀ। ਜੇਕਰ ਖਪਤਕਾਰ ਸੈਟਲਮੈਂਟ ਤੋਂ ਬਾਅਦ ਦਿੱਤੇ ਨੋਟਿਸ ਰਾਹੀਂ ਸੂਚਿਤ ਕੀਤੀ ਨਿਪਟਾਰਾ ਰਕਮ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਪੀ.ਐਸ.ਪੀ.ਸੀ.ਐਲ. ਕੋਲ ਜਮ੍ਹਾਂ ਕੀਤੀ ਪ੍ਰੋਸੈਸਿੰਗ ਫੀਸ ਜਬਤ ਕਰ ਲਈ ਜਾਵੇਗੀ ਅਤੇ ਓ.ਟੀ.ਐਸ. ਅਧੀਨ ਡਿਫਾਲਟ ਦੇ ਨਿਪਟਾਰੇ ਲਈ ਖਪਤਕਾਰ ਦੀ ਬੇਨਤੀ ਨੂੰ ਰੱਦ ਸਮਝਿਆ ਜਾਵੇਗਾ।

**ਉਹ ਸਾਰੇ ਸਰਕਾਰੀ ਕੁਨੈਕਸ਼ਨ ਜਿਨ੍ਹਾਂ ਨੇ ਮਿਤੀ 31.03.2023 ਤੱਕ ਆਪਣੀ ਡਿਫਾਲਟਿੰਗ ਰਕਮ ਪੀ.ਐਸ.ਪੀ.ਸੀ.ਐਲ. ਦੇ ਪੱਤਰ ਨੰ. 127/131 ਮਿਤੀ 24.03.2023 ਅਨੁਸਾਰ ਜਮ੍ਹਾਂ ਕਰਵਾਈ ਹੈ, ਉਹਨਾਂ ਨੂੰ ਮੌਜੂਦਾ ਓ.ਟੀ.ਐਸ. ਵਿੱਚ ਸ਼ਾਮਲ ਕੀਤਾ ਜਾਵੇਗਾ।**

ਵੱਖ ਵੱਖ ਖਪਤਕਾਰ ਐਸੋਸੀਏਸ਼ਨਾਂ/ਵਿਅਕਤੀਗਤ ਖਪਤਕਾਰਾਂ ਨੂੰ ਵੀ ਸਕੀਮ ਬਾਰੇ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵੱਧ ਤੋਂ ਵੱਧ ਯੋਗ ਖਪਤਕਾਰ ਇਸ ਸਕੀਮ ਦਾ ਲਾਭ ਲੈ ਸਕਣ। ਫੀਲਡ ਅਫਸਰ ਅਜਿਹੇ ਪ੍ਰਭਾਵਿਤ ਖਪਤਕਾਰਾਂ ਜੋ ਇਸ ਸਕੀਮ ਲਈ ਯੋਗ ਹਨ ਨਾਲ ਵੱਖ ਵੱਖ ਮਾਧਿਅਮਾਂ ਜਿਵੇਂ ਕਿ ਸ਼ੋਸ਼ਲ ਮੀਡੀਆ, ਨਿੱਜੀ ਸੰਪਰਕ, ਇਸ਼ਤਿਹਾਰ ਆਦਿ ਰਾਹੀਂ ਸੰਪਰਕ ਕਰਨਗੇ ਤਾਂ ਜੋ ਇਸਦਾ ਵਿਆਪਕ ਪ੍ਰਚਾਰ ਕੀਤਾ ਜਾ ਸਕੇ।

ਕੇਸਾਂ ਦੀ ਪ੍ਰੋਸੈਸਿੰਗ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਤੇ ਕੀਤੀ ਜਾਵੇਗੀ, ਜਿਹਨਾਂ ਦੀ ਸੀਨੀਆਰਤਾ ਪ੍ਰੋਸੈਸਿੰਗ ਫੀਸ ਜਮ੍ਹਾਂ ਦੀ ਮਿਤੀ ਦੁਆਰਾ ਨਿਰਧਾਰਤ ਕੀਤੀ ਜਾਵੇਗੀ। ਉਹਨਾਂ ਕੇਸਾਂ ਨੂੰ ਤਰਜੀਹ ਦਿੱਤੀ ਜਾਵੇਗੀ ਜੋ ਡਿਸਕਨੈਕਟ ਹੋ ਗਏ ਹਨ ਅਤੇ ਖਪਤਕਾਰ/ਬਿਨੈਕਾਰ ਇਸ ਕੁਨੈਕਸ਼ਨ ਨੂੰ ਦੁਬਾਰਾ ਚਾਲੂ ਕਰਵਾਉਣ ਦਾ ਇਰਾਦਾ ਰੱਖਦੇ ਹਨ।

ਪੀ.ਐਸ.ਈ.ਆਰ.ਸੀ. ਦੁਆਰਾ ਪ੍ਰਵਾਨਿਤ ਇਸ ਓ.ਟੀ.ਐਸ ਯੋਜਨਾਂ ਦੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਇਸ ਨਾਲ ਅਨੁਲੱਗ-ਏ ਦੇ ਰੂਪ ਵਿੱਚ ਨੱਥੀ ਹਨ।

ਇਸ ਤੋਂ ਇਲਾਵਾ ਓ.ਟੀ.ਐਸ. ਅਧੀਨ ਨਿਪਟਾਰਾ ਰਕਮ ਨੂੰ ਤੇਜੀ ਨਾਲ ਅੰਤਿਮ ਰੂਪ ਦਿੱਤਾ ਜਾਵੇ ਅਤੇ ਇਸ ਖਾਤਿਰ ਆਮ ਤੌਰ ਤੇ ਬਿਨੈਕਾਰ ਦੁਆਰਾ ਲੋੜੀਂਦੇਂ ਦਸਤਾਵੇਜਾਂ ਦੇ ਨਾਲ ਪ੍ਰੋਸੈਸਿੰਗ ਫੀਸ ਜਮ੍ਹਾਂ ਕਰਨ ਦੀ ਮਿਤੀ ਤੋਂ 60 ਦਿਨਾਂ ਤੋਂ ਵੱਧ ਸਮਾਂ ਨਾ ਲਗਾਇਆ ਜਾਵੇ।ਲੋੜ ਅਨੁਸਾਰ ਇਹ ਸਮਾਂ 30 ਦਿਨਾਂ ਲਈ ਵਧਾਇਆ ਜਾ ਸਕਦਾ ਹੈ ਭਾਵ ਕੁਲ 90 ਦਿਨ, ਜਿਸ ਲਈ ਉਸੇ ਕਮੇਟੀ ਨੂੰ ਵਾਧੇ ਨੂੰ ਜਾਇਜ ਕਰਨ ਲਈ ਸਪੀਕਿੰਗ ਆਰਡਰ ਜਾਰੀ ਕਰਨਾ ਲਾਜਮੀ ਹੈ।

ਕ੍ਰਿਪਾ ਕਰਕੇ ਹਦਾਇਤਾਂ ਦੀ ਬਾਰੀਕੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।
ਇਹ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

**ਨੱਥੀ: ਅਨੁਲੱਗ-ਏ**

26/5/23
ਉਪ ਮੁੱਖ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਵਣਜ,
ਪੀ.ਐਸ.ਪੀ.ਸੀ.ਐਲ., ਪਟਿਆਲਾ।

ਪਿੱਠ ਅੰਕਣ ਨੰ: **204-212/ਐਸ.ਆਰ.-56/OTS** ਮਿਤੀ: **26.05.2023**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾਹੈ:-

1. ਮਾਨਯੋਗ ਬਿਜਲੀਮੰਤਰੀ, ਕਮਰਾਨੰ: 533/534,5ਵੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ/ਬਿਜਲੀ ਵਿਭਾਗ,ਪੰਜਾਬ ਸਰਕਾਰ, ਕਮਰਾ ਨੰ:6,ਪੰਜਾਬ ਸਿਵਲ ਸੈਕਟਰੀਏਟ,ਸੈਕਟਰ-1, ਚੰਡੀਗੜ੍ਹ।
3. ਪ੍ਰਿੰਸੀਪਲ ਸੈਕਟਰੀ/ਫਾਇਨਾਸ ਟੂ ਗੋਰਮਿੰਟ ਪੰਜਾਬ ਐਕਸ਼ ਆਫੀਸੋ ਮੈਂਬਰ,ਪੰਜਾਬ ਸਰਕਾਰ, ਚੰਡੀਗੜ੍ਹ।
4. ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ ਵਿਭਾਗ, ਉਦਯੋਗ ਭਵਨ, ਸੈਕਟਰ-17, ਚੰਡੀਗੜ੍ਹ।
5. ਪ੍ਰੈਜ਼ੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) ਐਸ.ਸੀ.ਓ.ਨੰ:ਨੰ: 3009-10, ਸੈਕਟਰ-22, ਚੰਡੀਗੜ੍ਹ
6. ਸਕੱਤਰ, ਪੀ.ਐਸ.ਈ.ਆਰ.ਸੀ., ਸਾਈਟ ਨੰ:3, ਸੈਕਟਰ-18 ਏ, ਮਧਿਆਮਾਰਗ, ਚੰਡੀਗੜ੍ਹ-160018
7. ਲੋਕਪਾਲ, ਬਿਜਲੀ, ਪੰਜਾਬ, 66 ਕੇ.ਵੀ.ਗਰਿਡ ਸਬ ਸਟੇਸ਼ਨ,ਪਲਾਟਨੰ: ਏ-2, ਉਦਯੋਗਿਕ ਖੇਤਰ, ਫੇਸ.1, ਐਸ.ਏ.ਐਸ. ਨਗਰ (ਮੋਹਾਲੀ)-160055
8. ਵਿਸ਼ੇਸ਼ ਸਕੱਤਰ ਟੂ ਬਿਜਲੀਮੰਤਰੀ, ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
9. ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡੀਸਟਰੀਜ਼ ਪੰਜਾਬ, ਸੈਕਟਰ -17, ਚੰਡੀਗੜ੍ਹ।

26/5/23
ਵਧੀਕ ਨਿਗ: ਇੰਜ:/ਸੇਲਜ਼ ਰੈਗੂਲੇਸ਼ਨ,
ਵਾ:ਮੁੱਖ ਇੰਜੀਨੀਅਰ / ਵਣਜ਼,
ਪੀ.ਐਸ.ਪੀ.ਸੀ.ਐਲ, ਪਟਿਆਲਾ।

<u>ਸੀ.ਸੀ.</u>

The following may download the circular from PSPCL website (www.pspcl.in).

1. ਪੀ.ਐਸ.ਟੂ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
2. ਸਾਰੇ ਨਿਰਦੇਸ਼ਕ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
3. ਮੁੱਖ ਇੰਜ:/ ਚੇਅਰਮੈਨ (ਫੋਰਮ), ਫਿਰੋਜ਼ਪੁਰ ਰੋਡ, ਲੁਧਿਆਣਾ।
4. ਮੁੱਖ ਪ੍ਰਬੰਧਕੀ ਅਤੇ ਆਈ.ਆਰ., ਪੀ.ਐਸ.ਪੀ.ਸੀ.ਐਲ., ਪਟਿਆਲਾ।
5. ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
6. ਮੁੱਖ ਆਡੀਟਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
7. ਮੁੱਖ ਇੰਜਨੀਅਰ/ਏ.ਆਰ.ਆਰ. ਤੇ ਟੀ.ਆਰ., ਪੀ.ਐਸ.ਪੀ.ਸੀ.ਐਲ., ਪਟਿਆਲਾ।
8. ਮੁੱਖ ਇੰਜ:/ਆਈ.ਟੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
9. ਡੀ.ਜੀ.ਐਮ./ਆਈ.ਟੀ.,(ਐਸ.ਡੀ.ਅਤੇ ਆਈ.) ਪੀ.ਐਸ.ਪੀ.ਸੀ.ਐਲ., ਪਟਿਆਲਾ।
10. ਸਾਰੇ ਨਿਗਰਾਨ ਇੰਜਨੀਅਰ (ਵੰਡ), ਪੀ.ਐਸ.ਪੀ.ਸੀ.ਐਲ.।
11. ਉਪ ਮੁੱਖ ਇੰਜ/ਸੇਲਜ਼-1 ਅਤੇ ਉਪ ਮੁੱਖ ਇੰਜ/ਸੇਲਜ਼-2, ਪੀ.ਐਸ.ਪੀ.ਸੀ.ਐਲ., ਪਟਿਆਲਾ।
12. ਸਾਰੇ ਵਧੀਕ ਨਿਗ:ਇੰਜ:/ ਸੀ.ਕਾ.ਕਾ.ਇੰਜ./ਏ.ਈ.ਈ./ਏ.ਈ ਅਧੀਨ ਵੰਡ ਸੰਸਥਾ ਅਤੇ ਵਣਜ਼ ਸੰਸਥਾ।

**ਨੋਟ: ਜੇਕਰ ਇਸ ਸਰਕੂਲਰ ਦੇ ਅੰਗਰੇਜੀ ਅਤੇ ਪੰਜਾਬੀ ਅਨੁਵਾਦ ਵਿਚ ਕਿਸੇ ਤਰਾਂ ਦੀ ਵਿਆਖਿਆ (Interpretation) ਵਿਚ ਅਸਮਾਨਤਾ ਪਾਈ ਜਾਂਦੀ ਹੈ ਤਾਂ ਅੰਗਰੇਜੀ ਅਨੁਵਾਦ ਨੂੰ ਪਹਿਲਤਾ ਦਿੱਤੀ ਜਾਵੇ।**

<u>ਅਨੁਲੱਗ -ਏ</u>

ੳ) **ਯੋਗਤਾ ਦੇ ਮਾਪਦੰਡ:** ਵਨ ਟਾਈਮ ਸੈਟਲਮੈਂਟ ਪਾਲਿਸੀ ਖਪਤਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ (ਏਪੀ ਨੂੰ ਛੱਡ ਕੇ) ਤੇ ਲਾਗੂ ਹੋਵੇਗੀ ਜ਼ੋ ਇਸ ਸ਼ਕੀਮ ਦੀ ਚੋਣ ਕਰਦੇ ਹਨ। ਯੋਗਤਾ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ:-

1) ਉਹ ਸਾਰੇ ਖਪਤਕਾਰ ਜੋ ਕਿ ਊਰਜਾ ਬਿੱਲਾਂ ਅਤੇ ਉਸ ਤੇ ਸਰਚਾਰਜ/ਵਿਆਜ, ਐਡੀਸ਼ਨਲ ਸਕਿਊਰਟੀ (ਖਪਤ)/ਉਸ ਤੇ ਵਿਆਜ, ਵੋਲਟੇਜ਼ ਸਰਚਾਰਜ ਦੇ ਬਕਾਏ ਅਤੇ ਉਸ ਤੇ ਵਿਆਜ ਆਦਿ ਦੇ ਭੁਗਤਾਨ ਵਿੱਚ ਡਿਫਾਲਟਰ ਹਨ, ਪਰ ਬਾਅਦ ਦੇ ਬਿੱਲਾਂ ਦੇ ਭੁਗਤਾਨਾਂ ਕਾਰਨ ਉਹਨਾਂ ਦੇ ਕੁਨੈਕਸ਼ਨ ਕੱਟੇ ਨਹੀਂ ਗਏ ਹਨ।

2) ਸਰਕਾਰੀ ਵਿਭਾਗ ਦੇ ਉਹ ਕੁਨੈਕਸ਼ਨ ਜਿਨ੍ਹਾ ਨੇ ਬਿਜਲੀ ਦੀ ਸਪਲਾਈ ਲਈ ਊਰਜਾ ਬਿਲਾਂ ਦਾ ਭੁਗਤਾਨ ਕਰਨ ਵਿੱਚ ਡਿਫਾਲਟ ਕੀਤਾ ਹੈ ਪਰ ਲੋਕਹਿਤ ਵਿੱਚ ਉਹਨਾਂ ਦੇ ਕੁਨੈਕਸ਼ਨ ਕੱਟੇ ਨਹੀਂ ਜਾ ਸਕੇ ਹਨ ਅਤੇ ਉਹ ਓ.ਟੀ.ਐਸ ਲਈ ਤਿਆਰ ਹਨ।

3) ਉਹ ਸਾਰੇ ਖਪਤਕਾਰ ਜ਼ੋ ਓ.ਟੀ.ਐਸ ਪਾਲਿਸੀ ਜਾਰੀ ਕਰਨ ਤੋਂ ਪਹਿਲਾਂ ਕਿਸੇ ਵੀ ਕਿਸਮ ਦੇ ਡਿਫਾਲਟ ਕਾਰਨ ਕੱਟੇ ਗਏ ਹਨ।

4) ਉਹ ਸਾਰੇ ਖਪਤਕਾਰ ਜ਼ੋ ਕਿਸੇ ਵੀ ਕਿਸਮ ਦੇ ਵਿਵਾਦ ਦੇ ਅਧੀਨ ਹਨ ਅਤੇ ਬਕਾਇਆ/ਡਿਫਾਲਟਿੰਗ ਰਕਮ ਦੇ ਅਦਾਲਤ ਤੋਂ ਬਾਹਰ ਬੰਦੋਬਸਤ ਲਈ ਤਿਆਰ ਹਨ। ਵਿਵਾਦਿਤ ਬਕਾਇਆ ਰਕਮ ਵਿੱਚ ਬਕਾਏ/ਸੰਡਰੀਆਂ ਜੋ ਕਿ ਗਲਤ ਮੀਟਰਿੰਗ, ਲੋਡ ਸਰਚਾਰਜ, ਡਿਮਾਂਡ ਸਰਚਾਰਜ, ਪਾਵਰ ਫੈਕਟਰ ਸਰਚਾਰਜ, ਸਪਲਾਈ ਵੋਲਟੇਜ਼ ਸਰਚਾਰਜ, PLEC, ਜਨਰਲ ਕੰਡੀਸ਼ਨ ਆਫ ਟੈਰਿਫ ਅਤੇ ਸ਼ਡਿਊਲ ਆਫ ਟੈਰਿਫ ਦੇ ਅਨੁਸਾਰ ਪਿਛਲੇ ਮਿਆਦ ਦੇ ਖਾਤੇ ਦੀ ਓਵਰਹਾਲਿੰਗ ਦੇ ਕਾਰਨ ਚਾਰਜ ਕੀਤੀ ਰਕਮ ਸ਼ਾਮਲ ਹੋ ਸਕਦੀ ਹੈ ਪ੍ਰੰਤੂ ਇਸ ਵਿਚ ਬਿਜਲੀ ਦੀ ਚੋਰੀ /ਯੂ.ਯੂ.ਈ. ਦੇ ਕਾਰਨ ਮੁਲਾਂਕਣ ਕੀਤੀ ਰਕਮ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ।

ਹਾਲਾਂਕਿ, ਜਿਨ੍ਹਾਂ ਕੇਸਾਂ ਵਿੱਚ ਕਿਸੇ ਅਦਾਲਤ ਦੁਆਰਾ ਕੁੱਝ ਮੁੱਦਿਆਂ ਦਾ ਫੈਸਲਾ ਕੀਤਾ ਗਿਆ ਹੈ, ਉਹ ਵਿਵਾਦ ਨਿਪਟਾਰਾ ਵਿੱਧੀ/ਅਦਾਲਤ ਦੇ ਖਾਸ ਮੁੱਦੇ/ਫੈਸਲੇ ਨੂੰ ਸਕੀਮ ਦੇ ਅਧੀਨ ਕਵਰ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਅਦਾਲਤਾਂ ਵਿੱਚ ਲੰਬਿਤ ਪਏ ਕੇਸ ਜਿਨ੍ਹਾਂ ਦਾ ਅਜੇ ਤੱਕ ਨਿਪਟਾਰਾ ਨਹੀਂ ਕੀਤਾ ਗਿਆ ਹੈ, ਨੂੰ ਓ.ਟੀ.ਐਸ. ਸਕੀਮ ਅਧੀਨ ਡਿਫਾਲਟਰਾਂ ਨੂੰ ਵਿਚਾਰੇ ਜਾਣ ਤੋਂ ਪਹਿਲਾਂ ਵਾਪਸ ਲੈਣਾ ਪਵੇਗਾ ਅਤੇ ਫਿਰ ਹੀ ਉਹਨਾਂ ਦਾ ਮੌਜੂਦਾ ਓ.ਟੀ.ਐਸ. ਸਕੀਮ ਅਧੀਨ ਬਕਾਏ ਦਾ ਨਿਪਟਾਰਾ ਕੀਤਾ ਜ਼ਾ ਸਕਦਾ ਹੈ।

5) ਉਹ ਸਾਰੇ ਖਪਤਕਾਰ ਜਿਨ੍ਹਾਂ ਦਾ ਕਿਸੇ ਡਿਫਾਲਟ ਕਾਰਣ ਕੁਨੈਕਸ਼ਨ ਕੱਟ ਦਿੱਤਾ ਗਿਆ ਹੈ ਅਤੇ ਉਹ ਸਿਰਫ ਬਕਾਇਆ ਰਕਮ ਨੂੰ ਕਲੀਅਰ ਕਰਨਾ ਚਾਹੁੰਦੇ ਹਨ ਅਤੇ ਮੁੜ ਕੁਨੈਕਸ਼ਨ ਨਹੀਂ ਚਾਹੁੰਦੇ ਹਨ ਪਰ ਸਿਰਫ ਐਨ.ਓ.ਸੀ. ਹੀ ਚਾਹੁੰਦੇ ਹਨ।

6) ਇਹ ਸਕੀਮ ਉਨ੍ਹਾਂ ਖਪਤਕਾਰਾਂ ਤੇ ਲਾਗੂ ਹੋਵੇਗੀ ਜਿਨ੍ਹਾਂ ਦੀ ਡਿਫਾਲਟਿੰਗ ਰਕਮ ਮਿਤੀ 30.09.2022 ਤੱਕ ਮੌਜੂਦ ਹੈ ਅਤੇ ਵਪਾਰਕ ਸਰਕੂਲਰ ਜਾਰੀ ਹੋਣ ਦੀ ਮਿਤੀ ਤੱਕ ਡਿਫਾਲਟ ਮੌਜੂਦ ਹੈ।

7) ਉਹ ਸਾਰੇ ਸਰਕਾਰੀ ਕੁਨੈਕਸ਼ਨ ਜਿਨ੍ਹਾਂ ਨੇ 31.03.2023 ਤੱਕ ਆਪਣੀ ਡਿਫਾਲਟਿੰਗ ਰਕਮ ਪੀ.ਐਸ.ਪੀ.ਸੀ.ਐਲ ਦੇ ਪੱਤਰ ਨੰ. 127/131 ਮਿਤੀ 24.03.2023 ਅਨੁਸਾਰ ਜਮਾਂ ਕਰਵਾਈ ਹੈ, ਮੌਜੂਦਾ ਓ.ਟੀ.ਐਸ. ਸਕੀਮ ਵਿੱਚ ਸ਼ਾਮਲ ਕੀਤਾ ਜਾਵੇਗਾ।

8) ਇਹ ਸਕੀਮ ਵਣਜ ਸਰਕੂਲਰ ਜਾਰੀ ਹੋਣ ਦੀ ਮਿਤੀ ਤੋਂ 3 ਮਹੀਨਿਆਂ ਦੀ ਮਿਆਦ ਲਈ ਵੈਧ ਹੋਵੇਗੀ।

ਅ) <u>ਸਕੀਮ ਦੇ ਨਿਯਮ ਅਤੇ ਸ਼ਰਤਾ</u>

1) <u>ਸਾਰੇ ਖਪਤਕਾਰਾਂ ਲਈ ਜਿਨਾਂ ਨੂੰ ਪੈਰਾ (ੳ) ਦੇ ਅਧੀਨ ਡਿਸਕੁਨੈਕਟ ਨਹੀਂ ਕੀਤਾ ਗਿਆ ਹੈ,</u> ਐਡੀਸ਼ਨਲ ਸਕਿਉਰਟੀ (ਖਪਤ) ਨੂੰ ਛੱਡ ਕੇ ਭੁਗਤਾਨ ਨਾ ਕੀਤੀ ਗਈ ਬਕਾਇਆ ਰਕਮ /ਡਿਫਾਲਟਿੰਗ (ਇੱਕ ਡਿਫਾਲਟ ਜਾਂ ਇੱਕ ਤੋਂ ਵੱਧ) ਅੰਤਿਮ ਨਿਪਟਾਰੇ ਦੇ ਸਬੰਧ ਵਿੱਚ ਓ.ਟੀ.ਐਸ. ਦੀ ਚੋਣ ਕਰਨ ਵਾਲੇ ਉਪਭੋਗਤਾ ਨੂੰ ਬਕਾਇਆ ਹੋਣ ਦੀ ਮਿਤੀ ਤੋਂ ਨੋਟਿਸ ਜਾਰੀ ਹੋਣ ਤੱਕ 9% ਪ੍ਰਤੀ ਸਾਲ ਸਧਾਰਨ ਵਿਆਜ ਦੀ ਦਰ ਨਾਲ ਭੁਗਤਾਨ ਯੋਗ ਹੋਵੇਗੀ। ਡਿਫਾਲਟਿੰਗ ਰਕਮ ਦੀ ਕੈਲਕੁਲੇਸ਼ਨ ਕਰਨ ਸਮੇਂ, ਇਹ ਯਕੀਨੀ ਬਣਾਇਆ ਜਾਵੇ ਕਿ ਡਿਫਾਲਟ ਤੋਂ ਬਾਅਦ ਦੇ ਊਰਜਾ ਬਿਲਾਂ ਦੇ ਵਿਰੁੱਧ ਖਪਤਕਾਰ ਦੁਆਰਾ ਅਦਾ ਕੀਤੀ ਗਈ ਰਕਮ ਨੂੰ ਪਹਿਲਾਂ ਸਿਰਫ ਮੌਜੂਦਾ ਊਰਜਾ ਬਿਲ ਦੇ ਨਾਲ ਅਤੇ ਬਾਅਦ ਵਿਚ ਪਿਛਲੇ ਬਿਲਾਂ/ਵਿਆਜ ਦੇ ਬਕਾਏ ਦੇ ਵਿਰੁੱਧ ਐਡਜਸਟ ਕੀਤਾ ਜਾਵੇ।

2) <u>ਖਪਤਕਾਰ ਜਿਨਾਂ ਦੇ ਕੁਨੈਕਸ਼ਨ ਡਿਸਕਨੈਕਟ ਕੀਤੇ ਗਏ ਹਨ,</u> ਭੁਗਤਾਨਯੋਗ ਰਕਮ ਪੈਰਾ ਅ (1) ਦੇ ਅਨੁਸਾਰ ਗਣਨਾ ਕੀਤੀ ਗਈ ਡਿਫਾਲਟਿੰਗ ਰਕਮ ਹੋਵੇਗੀ ਜਿਸ ਦੀ ਬਕਾਇਆ ਹੋਣ ਦੀ ਮਿਤੀ ਤੋਂ 9% ਸਲਾਨਾ ਸਧਾਰਨ ਵਿਆਜ ਦੀ ਦਰ ਨਾਲ ਵਿਆਜ ਅਤੇ ਨਾਲ ਹੀ ਕਮਿਸ਼ਨ ਦੁਆਰਾ ਮੰਜੂਰ ਕੀਤੇ ਅਨੁਸਾਰ ਫਿਕਸਡ ਚਾਰਜਿਜ਼/ਐਮ.ਐਮ.ਸੀ. ਕੁਨੈਕਸ਼ਨ ਕੱਟਣ ਦੀ ਮਿਆਦ ਤੱਕ ਭੁਗਤਾਨਯੋਗ ਹੈ। ਭੁਗਤਾਨ ਯੋਗ ਰਕਮ ਹੇਠ ਲਿਖੀਆਂ ਸ਼ਰਤਾ ਮੁਤਾਬਿਕ ਹੈ :-

ੳ) ਜੇਕਰ ਪੀ.ਡੀ.ਸੀ.ਓ. ਇਸ ਸਕੀਮ ਦੀ ਲਾਗੂ ਹੋਣ ਦੀ ਮਿਤੀ ਭਾਵ ਮਿਤੀ 30.09.2022 ਤੋਂ 6 ਮਹੀਨਿਆਂ ਤੋਂ ਘੱਟ ਸਮੇਂ ਲਈ ਪ੍ਰਭਾਵੀ ਹੈ, ਤਾਂ ਅਜਿਹੀ ਮਿਆਦ ਲਈ ਕੋਈ ਫਿਕਸਡ ਚਾਰਜ/ਐਮ.ਐਮ.ਸੀ. ਲੈਣ ਯੋਗ ਨਹੀਂ ਹਨ। ਇਸ ਤੋਂ ਇਲਾਵਾ ਖਪਤਕਾਰ ਮੁੜ ਕੁਨੇਕਸ਼ਨ ਜੋੜਨ ਫੀਸ ਅਤੇ ਸ਼ਡਿਊਲ ਆਫ ਜਨਰਲ ਚਾਰਜਿਜ ਦੇ ਅਨੁਸਾਰ ਸਕਿਉਰਟੀ (ਖਪਤ) ਦਾ ਭੁਗਤਾਨ ਕਰੇਗਾ। ਕੋਈ ਵੀ ਸਰਵਿਸ ਕੁਨੈਕਸ਼ਨ ਚਾਰਜਿਜ (ਐਸ.ਸੀ.ਸੀ) ਭੁਗਤਾਨਯੋਗ ਨਹੀਂ ਹਨ।

ਅ) ਜੇਕਰ ਪੀ.ਡੀ.ਸੀ.ਓ. ਇਸ ਸਕੀਮ ਦੀ ਲਾਗੂ ਹੋਣ ਦੀ ਮਿਤੀ ਭਾਵ ਮਿਤੀ 30.09.2022 ਤੋਂ 6 ਮਹੀਨਿਆਂ ਤੋਂ ਵੱਧ ਦੇ ਸਮੇਂ ਲਈ ਲਾਗੂ ਹੁੰਦਾ ਹੈ, ਤਾਂ ਫਿਕਸਡ ਚਾਰਜ/ਐਮ.ਐਮ.ਸੀ. ਵੱਧ ਤੋਂ ਵੱਧ ਛੇ ਮਹੀਨਿਆਂ ਦੀ ਮਿਆਦ ਲਈ ਹੀ ਲਗਾਏ ਜਾਣਗੇ। ਇਸ ਮਾਮਲੇ ਵਿੱਚ ਨਵੀਂ ਟੈਕਨੀਕਲ ਫਿਜ਼ੀਬਿਲਟੀ ਕਲੀਅਰੈਂਸ ਦੀ ਲੋੜ ਹੋਵੇਗੀ। ਇਸ ਤੋਂ ਇਲਾਵਾ, ਖਪਤਕਾਰ ਮੁੜ ਕਨੈਕਸ਼ਨ ਜੋੜਨ ਫੀਸ ਅਤੇ ਸ਼ਡਿਊਲ ਆਫ ਜਨਰਲ ਚਾਰਜਿਜ ਦੇ ਅਨੁਸਾਰ ਸਕਿਉਰਟੀ (ਖਪਤ) ਦਾ ਭੁਗਤਾਨ ਕਰੇਗਾ। ਸਰਵਿਸ ਕਨੈਕਸ਼ਨ ਚਾਰਜ (ਐਸ.ਸੀ.ਸੀ) ਦੇ ਸਬੰਧ ਵਿੱਚ ਹੇਠਾਂ ਦਿੱਤੇ ਪ੍ਰਬੰਧਾਂ ਦੀ ਪਾਲਣਾ ਕੀਤੀ ਜਾਵੇਗੀ: -

1) ਜੇਕਰ ਮੌਜੂਦਾ ਲਾਈਨ/ਸਿਸਟਮ ਤੋਂ ਮੁੜ ਕੁਨੈਕਸ਼ਨ ਕੀਤਾ ਜਾ ਸਕਦਾ ਹੈ, ਤਾਂ ਕੋਈ ਵੀ ਸਰਵਿਸ ਕੁਨੈਕਸ਼ਨ ਚਾਰਜ (ਐਸ.ਸੀ.ਸੀ) ਵਸੂਲ ਨਹੀਂ ਕੀਤਾ ਜਾਵੇਗਾ।
2) ਜੇਕਰ ਸਰਵਿਸ ਲਾਈਨ ਨੂੰ ਡਿਸਮੈਂਟਲ ਕਰ ਦਿੱਤਾ ਗਿਆ ਹੈ ਜਾਂ ਹੋਰ ਖਪਤਕਾਰਾਂ ਲਈ ਵਰਤਿਆ ਜਾ ਚੁੱਕਾ ਹੈ, ਤਾਂ ਮੁੜ ਕੁਨੈਕਸ਼ਨ ਲਈ ਪੀ.ਐਸ.ਪੀ.ਸੀ.ਐਲ. ਦੁਆਰਾ ਕੀਤਾ ਗਿਆ ਅਸਲ ਖਰਚਾ ਖਪਤਕਾਰ ਤੋਂ ਵਸੂਲ ਕੀਤਾ ਜਾਵੇਗਾ।

ਨੋਟ: ਜਿੱਥੇ ਕੁਨੈਕਸ਼ਨ ਕੱਟਿਆ ਜਾ ਚੁੱਕਾ ਹੈ ਉਹਨਾਂ ਸਾਰੇ ਮਾਮਲਿਆਂ ਵਿਚ ਰੀਕੁਨੈਕਸ਼ਨ ਚਾਰਜਿਜ਼ ਲਏ ਜਾਣਗੇ।

3) ਜੇਕਰ ਖਪਤਕਾਰ ਵਾਧੂ ਸਕਿਉਰਟੀ (ਖਪਤ) ਦੀ ਡਿਫਾਲਟਿੰਗ ਰਕਮ ਨੂੰ ਉੱਕਾ ਪੁੱਕਾ ਜ੍ਹਮਾਂ ਕਰਵਾਉਂਦਾ ਹੈ ਤਾਂ ਵਾਧੂ ਸਕਿਉਰਟੀ (ਖਪਤ) ਜਮ੍ਹਾਂ ਕਰਨ ਵਿੱਚ ਦੇਰੀ ਲਈ ਕੋਈ ਜੁਰਮਾਨਾ ਨਹੀਂ ਹੋਵੇਗਾ।

Sd/-

4) ਪਾਲਿਸੀ ਦੇ ਅਧੀਨ ਨਿਪਟਾਰਨ ਯੋਗ ਰਕਮ ਅਤੇ ਵਾਧੂ ਸਕਿਉਰਟੀ (ਖਪਤ) ਦੀਆਂ ਕਿਸ਼ਤਾਂ ਲਈ ਬੇਨਤੀ ਦੇ ਮਾਮਲੇ ਵਿੱਚ, ਕਿਸ਼ਤਾਂ 9% ਸਲਾਨਾ ਸਧਾਰਨ ਵਿਆਜ ਦੀ ਦਰ ਨਾਲ ਪ੍ਰਵਾਨ ਕੀਤੀਆਂ ਜਾ ਸਕਦੀਆਂ ਹਨ। **ਨਿਪਟਾਰਨਯੋਗ ਰਕਮ ਦੀ ਵਸੂਲੀ ਇੱਕ ਸਾਲ ਦੀ ਮਿਆਦ ਵਿੱਚ ਵੱਧ ਤੋਂ ਵੱਧ ਚਾਰ ਕਿਸ਼ਤਾਂ ਰਾਹੀਂ ਹੋਵੇਗੀ। ਹਾਲਾਂਕਿ, ਸਰਕਾਰੀ ਕੁਨੈਕਸ਼ਨਾਂ ਲਈ ਭਾਰਤ ਸਰਕਾਰ ਦੀ RDSS ਸਕੀਮ ਦਾ ਲਾਭ ਲੈਣ ਖਾਤਰ ਉਪਰੋਕਤ ਸਕੀਮ ਵਿੱਚ ਨਿਪਟਾਰਨਯੋਗ ਰਕਮ ਦੀ ਵਸੂਲੀ ਲਈ ਕਿਸ਼ਤਾਂ ਦੀ ਮਿਆਦ ਤਿੰਨ ਸਾਲ ਹੋ ਸਕਦੀ ਹੈ।**

ਕਿਸ਼ਤਾਂ ਦੇ ਮਾਮਲੇ ਵਿੱਚ ਰਕਮ ਨੂੰ ਪਹਿਲਾਂ ਬਕਾਇਆ ਬਿਲਾਂ ਵਿਚ, ਫਿਰ ਵਿਆਜ ਅਤੇ ਆਖਰ ਵਿਚ ਵਾਧੂ ਸਕਿਉਰਟੀ (ਖਪਤ) ਦੇ ਵਿਰੁੱਧ (ਜੇ ਕੋਈ ਹੋਵੇ) ਐਡਜਸਟ ਕੀਤਾ ਜਾਵੇਗਾ। ਖਪਤਕਾਰ ਨੂੰ ਪਹਿਲੀ ਕਿਸ਼ਤ ਜਮ੍ਹਾਂ ਕਰਨ ਦੇ ਸਮੇਂ ਬਕਾਇਆ ਕਿਸ਼ਤਾਂ ਲਈ ਪੋਸਟ ਡੇਟਿਡ ਚੈੱਕ ਜਮ੍ਹਾਂ ਕਰਵਾਉਣੇ ਪੈਣਗੇ।

5) ਸਰਕਾਰੀ ਖਰਚੇ ਜਿਵੇਂ ਕਿ ਇਲੈਕਟ੍ਰਸਿਟੀ ਡਿਊਟੀ, ਚੂੰਗੀ, ਮਿਊਂਸੀਪਲ ਟੈਕਸ, ਗਊ ਸੈਸ ਅਤੇ ਇੰਫਰਾਸਟਰਕਚਰ ਡਿਵੈਲਪਮੈਂਟ ਸੈਸ ਆਦਿ ਰਾਜ ਸਰਕਾਰ ਖਰਚੇ ਹੋਣ ਕਰਕੇ ਸਭ ਤੋਂ ਪਹਿਲਾਂ ਮੁਲਾਂਕਣ ਅਤੇ ਬਿਲ ਕੀਤੇ, ਭੁਗਤਾਨ ਯੋਗ ਹੋਣਗੇ।

6) ਬਕਾਇਆ/ਡਿਫਾਲਟਿੰਗ ਰਕਮ ਦਾ ਨਿਪਟਾਰਾ ਕਰਨ ਲਈ ਤਿਆਰ ਖਪਤਕਾਰ ਨੂੰ ਵਨ ਟਾਈਮ ਸੈਟਲਮੈਂਟ ਲਈ ਆਪਸ਼ਨ/ਅੰਡਰਟੇਕਿੰਗ ਅਤੇ ਸੰਬਧਤ ਦਸਤਾਵੇਜ਼ ਓਪਰੇਸ਼ਨ ਸਬ ਡਵੀਜਨ ਨੂੰ ਜਮਾਂ ਕਰਵਾਉਣੇ ਹੋਣਗੇ। ਵਨ ਟਾਇਮ ਸੈਟਲਮੈਂਟ ਲਈ ਪਾਲਿਸੀ ਦੇ ਨਿਯਮਾਂ ਅਤੇ ਸ਼ਰਤਾਂ ਦੇ ਅਨੁਸਾਰ ਖਪਤਕਾਰ ਤੋਂ ਵਸੂਲੀ ਯੋਗ ਰਕਮ ਦਾ ਪੂਰਾ ਵੇਰਵਾ ਸਬ ਡਵੀਜਨ ਦਫਤਰ ਵੱਲੋਂ ਏ.ਓ./ਫੀਲਡ ਦੁਆਰਾ ਪ੍ਰੀ-ਆਡਿਟ ਹੋਣ ਉਪਰੰਤ ਸਬੰਧਿਤ ਅਥਾਰਟੀ ਨੂੰ ਪ੍ਰਵਾਨਗੀ ਲਈ ਭੇਜਿਆ ਜਾਵੇਗਾ।

**7)** ਇਸ ਸਕੀਮ ਦਾ ਲਾਭ ਕਿਸੇ ਵੀ ਖਪਤਕਾਰ ਨੂੰ ਕੇਵਲ ਇੱਕ ਵਾਰ ਹੀ ਦਿੱਤਾ ਜਾਵੇਗਾ। ਇਸ ਮੰਤਵ ਲਈ ਨਿਮਨਲਿਖਤ ਕਮੇਟੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ:-

| ਲੜੀ ਨੰ. | ਸੈਟਲਮੈਂਟ ਰਕਮ ਨੂੰ ਮੰਜੂਰ ਕਰਨ ਲਈ ਅਥਾਰਟੀ | ਕੁੱਲ ਬਕਾਇਆ /ਡਿਫਾਲਟਿੰਗ ਰਕਮ |
|---|---|---|
| 1 | ਕਮੇਟੀ ਜਿਸ ਵਿੱਚ ਸਬੰਧਿਤ ਵਧੀਕ ਨਿਗ: ਇੰਜ:/ਸੀਨੀ:ਕਾ:ਕਾ:ਇੰਜ:/ਵੰਡ ਅਤੇ ਏ.ਓ. ਫੀਲਡ ਸ਼ਾਮਿਲ ਹਨ | 10 ਲੱਖ ਰੁਪਏ ਤੱਕ |
| 2 | ਕਮੇਟੀ ਜਿਸ ਵਿੱਚ ਸਬੰਧਿਤ ਉਪ ਮੁੱਖ ਇੰਜੀ:/ਨਿਗ:ਇੰਜ:/ਵੰਡ ਅਤੇ Dy.CAO/ Dy.CA ਜ਼ੋਨ ਸ਼ਾਮਿਲ ਹਨ | 10 ਲੱਖ ਰੁਪਏ ਤੋਂ 20 ਲੱਖ ਰੁਪਏ ਤੱਕ |
| 3 | ਕਮੇਟੀ ਜਿਸ ਵਿੱਚ ਸਬੰਧਿਤ ਪ੍ਰਮੁੱਖ ਇੰਜ:/ਮੁੱਖ ਇੰਜੀ:/ਵੰਡ ਅਤੇ ਸਬੰਧਿਤ ZDSC ਦੇ CAO/CA ਸ਼ਾਮਲ ਹਨ। | 20 ਲੱਖ ਰੁਪਏ ਤੋਂ ਵੱਧ ਅਤੇ 50 ਲੱਖ ਰੁਪਏ ਤੋਂ ਘੱਟ |
| 4 | ਮੁੱਖ ਇੰਜੀਨੀਅਰ/ਵਣਜ, ਨਿਰਦੇਸ਼ਕ/ਵਣਜ ਅਤੇ ਨਿਰਦੇਸ਼ਕ/ਵਿੱਤ ਜੀ ਦੀ ਮੰਜ਼ੂਰੀ ਉਪਰੰਤ। | 50 ਲੱਖ ਰੁਪਏ ਤੋਂ ਉਪਰ |

ਜੇਕਰ ਕਮੇਟੀ/ਮੁੱਖ ਇੰਜੀਨੀਅਰ (ਵਣਜ) ਦੁਆਰਾ ਨਿਪਟਾਰਨਯੋਗ ਰਕਮ ਦਾ ਭੁਗਤਾਨ ਕਿਸ਼ਤਾਂ ਵਿਚ ਕਰਨ ਦੀ ਇਜਾਜਤ ਦਿੱਤੀ ਜਾਂਦੀ ਹੈ ਤਾਂ ਖਪਤਕਾਰ ਦੁਆਰਾ ਪਹਿਲੀ ਕਿਸ਼ਤ ਦਾ ਭੁਗਤਾਨ ਨਿਪਟਾਰਨਯੋਗ ਰਕਮ ਦੀ ਸੂਚਨਾਂ ਪ੍ਰਾਪਤ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਕਰਨਾਂ ਹੋਵੇਗਾ।

8) ਸਮੱਰਥ ਅਥਾਰਟੀ ਦੁਆਰਾ ਕੇਸ ਦੀ ਪ੍ਰਵਾਨਗੀ ਤੋਂ ਬਾਅਦ, ਖਪਤਕਾਰ ਨੂੰ ਵਨ ਟਾਈਮ ਸੈਟਲਮੈਂਟ ਦੇ ਤਹਿਤ ਲੋੜੀਂਦੇ ਖਰਚੇ ਜਮ੍ਹਾਂ ਕਰਨ ਲਈ ਰਜਿਸਟਰਟ ਡਾਕ ਰਾਹੀਂ/ਦਸਤੀ ਸੂਚਿਤ ਕੀਤਾ ਜਾਵੇਗਾ।

9) ਇੱਕ ਵਾਰ ਜਦੋਂ ਇਸ ਸਕੀਮ ਅਧੀਨ ਰਾਹਤ ਪ੍ਰਾਪਤ ਹੋ ਜਾਂਦੀ ਹੈ, ਤਾਂ ਕੋਈ ਵੀ ਹੋਰ ਸਮੀਖਿਆ/ਰਾਹਤ ਦੇਣ ਯੋਗ ਨਹੀਂ ਹੈ ਅਤੇ ਇਸ ਸਕੀਮ ਅਧੀਨ ਫਾਇਨਲ ਕੀਤਾ ਗਿਆ ਕੇਸ ਝਗੜਾ ਨਿਪਟਾਰਨ ਕਮੇਟੀ/ਫੋਰਮ /ਲੋਕਪਾਲ/ਨਿਆਂਇਕ ਅਦਾਲਤਾਂ ਆਦਿ ਨੂੰ ਰੈਫਰ ਨਹੀਂ ਕੀਤਾ ਜਾ ਸਕੇਗਾ।

10) ਸਪਲਾਈ ਕੋਡ ਦੇ ਨਿਯਮ 36 ਅਤੇ 37 ਅਧੀਨ ਆਉਂਦੇ ਬਿਜਲੀ ਦੀ ਚੋਰੀ ਅਤੇ ਅਣਅਧਿਕਾਰਤ ਵਰਤੋਂ ਦੇ ਮਾਮਲੇ ਇਸ ਸਕੀਮ ਵਿੱਚ ਸ਼ਾਮਿਲ ਨਹੀਂ ਕੀਤੇ ਜਾਣਗੇ।

11) ਉਪ ਮੁੱਖ ਇੰਜ/ਨਿਗ ਇੰਜ (ਸੰਚਾਲਣ) ਅਤੇ ਵਧੀਕ ਨਿਗਰਾਨ ਇੰਜੀਨੀਅਰ/ਸੀਨ:ਕਾ:ਕਾ:ਇੰਜ: (ਸੰਚਾਲਣ) ਖਪਤਕਾਰਾਂ ਦੇ ਅਨੁਕੂਲ ਸ਼ੁਰੂ ਕੀਤੀ ਗਈ ਵਨ ਟਾਈਮ ਸੈਟਲਮੈਂਟ ਸਕੀਮ ਬਾਰੇ ਖਪਤਕਾਰਾਂ ਨੂੰ ਜਾਣੂ ਕਰਵਾਉਣ ਲਈ ਸਕੀਮ ਦਾ ਵਿਆਪਕ ਪ੍ਰਚਾਰ ਕਰਨਗੇ।

12) ਉਦਯੋਗਿਕ ਸ਼੍ਰੇਣੀ ਦੇ ਅਧੀਨ ਓ.ਟੀ.ਐਸ. ਦੀ ਚੋਣ ਕਰਨ ਵਾਲੇ ਖਪਤਕਾਰਾਂ ਲਈ ਪ੍ਰੋਸੈਸਿੰਗ ਫੀਸ 5000/- ਰੁਪਏ ਹੋਵੇਗੀ ਅਤੇ ਗੈਰ ਉਦਯੋਗਿਕ ਸ਼੍ਰੇਣੀ ਲਈ ਫੀਸ 2000/- ਰੁਪਏ ਹੋਵੇਗੀ, ਜ਼ੋ ਕਿ ਓ.ਟੀ.ਐਸ. ਸਕੀਮ ਦੇ ਤਹਿਤ ਅੰਤਿਮ ਨਿਪਟਾਰੇਯੋਗ ਰਕਮ ਵਿਚ ਅਡਜਸਟ ਕੀਤੀ ਜਾਵੇਗੀ।

13) 100% ਮੂਲ ਰਕਮ ਵਸੂਲ ਕੀਤੀ ਜਾਣੀ ਹੈ।

14) ਜੇਕਰ ਉਪਭੋਗਤਾ ਉੱਕਾ ਪੁੱਕਾ ਜਾਂ ਨਿਰਧਾਰਤ ਕਿਸ਼ਤਾਂ ਵਿੱਚ ਬਕਾਇਆ ਮੂਲ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਪੀ.ਐਸ.ਈ.ਆਰ.ਸੀ. ਦੇ ਨਿਯਮਾਂ ਅਨੁਸਾਰ ਪੂਰੀ ਐਲ.ਪੀ.ਐਸ./ਐਲ.ਪੀ.ਆਈ. ਰਕਮ ਨੂੰ ਮੁੜ ਬਹਾਲ ਕੀਤਾ ਜਾਵੇਗਾ ਅਤੇ ਖਪਤਕਾਰ ਨੂੰ ਸਕੀਮ ਤੋਂ ਬਾਹਰ ਮੰਨਿਆ ਜਾਵੇਗਾ।

15) ਖਪਤਕਾਰਾਂ ਨੂੰ ਪ੍ਰੇਸ਼ਾਨ ਕੀਤੇ ਬਿਨਾਂ ਨਿਪਟਾਰੇ ਦੀ ਰਕਮ ਨੂੰ ਅੰਤਿਮ ਰੂਪ ਦੇਣ ਲਈ ਪ੍ਰਵਾਨਗੀ ਪ੍ਰਕਿਰਿਆ ਨੂੰ ਜਿੰਨਾ ਸੰਭਵ ਹੋ ਸਕੇ ਸਰਲ ਬਣਾਇਆ ਜਾਵੇ।

16) ਪੀ.ਐਸ.ਈ.ਆਰ.ਸੀ ਵੱਲੋਂ ਜਾਰੀ MYT ਰੈਗੂਲੇਸ਼ਨ 2022, ਦੀ ਧਾਰਾ 27 (ਸੀ) ਦੇ ਅਨੁਸਾਰ ਦੇਰੀ ਨਾਲ ਭੁਗਤਾਨ ਸਰਚਾਰਜ (LPS) ਤੋਂ ਪੀ.ਐਸ.ਪੀ.ਸੀ.ਐਲ. ਨੂੰ ਜੋ ਮਾਲੀਆ ਇੱਕਠਾ ਹੋਣਾ ਸੀ, ਉਸ ਨੂੰ ਨਾਨ-ਟੈਰਿਫ ਆਮਦਨ ਦੇ ਅਧੀਨ ਕਾਲਪਨਿਕ (Notional) ਵਿਆਜ ਮੰਨਿਆ ਜਾਵੇਗਾ ਤਾਂ ਜੋ ਹੋਰ ਖਪਤਕਾਰਾਂ ਨੂੰ ਇਸ ਪੱਖੋਂ ਹੋਣ ਵਾਲੇ ਨੁਕਸਾਨ/ਖਰਚੇ ਦੇ ਬੋਝ ਤੋਂ ਬਚਾਇਆ ਜਾ ਸਕੇ । ਇਹ ਪੀ.ਐਸ.ਪੀ.ਸੀ.ਐਲ. ਦੇ ਖਾਤੇ ਵਿਚ ਨਿਪਟਾਇਆ ਜਾਵੇਗਾ ਅਤੇ ਏ.ਆਰ.ਆਰ. ਵਿੱਚ ਸ਼ਾਮਲ ਨਹੀਂ ਹੋਵੇਗਾ।

17) ਸਕੀਮ ਦੀ ਸਮਾਪਤੀ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਪੀ.ਐਸ.ਪੀ.ਸੀ.ਐਲ. ਕਮਿਸ਼ਨ ਨੂੰ ਕੇਸ ਵਾਰ ਜਾਣਕਾਰੀ ਜਿਵੇਂ ਕਿ ਰਿਕਾਰਡ ਅਨੁਸਾਰ ਵਸੂਲੀ ਯੋਗ ਰਕਮ, ਵਸੂਲੀ ਗਈ ਰਕਮ, ਓ.ਟੀ.ਐਸ. ਸਕੀਮ ਅਧੀਨ ਖਪਤਕਾਰਾਂ ਨੂੰ ਪ੍ਰਦਾਨ ਕੀਤੇ ਗਏ ਐਲਪੀਐਸ/ਐਲਪੀਆਈ ਰਕਮ ਦਾ ਲਾਭ ਆਦਿ ਪ੍ਰਦਾਨ ਕਰੇਗਾ।

Sd/- 26/5/23

ਉਪ ਮੁੱਖ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਵਣਜ,
ਪੀ.ਐਸ.ਪੀ.ਸੀ.ਐਲ., ਪਟਿਆਲਾ।

ਨੋਟ: ਜੇਕਰ ਇਸ ਸਰਕੂਲਰ ਦੇ ਅੰਗਰੇਜੀ ਅਤੇ ਪੰਜਾਬੀ ਅਨੁਵਾਦ ਵਿਚ ਕਿਸੇ ਤਰਾਂ ਦੀ ਵਿਆਖਿਆ **(Interpretation)** ਵਿੱਚ ਅਸਮਾਨਤਾ ਪਾਈ ਜਾਂਦੀ ਹੈ ਤਾਂ ਅੰਗਰੇਜੀ ਅਨੁਵਾਦ ਨੂੰ ਪਹਿਲਤਾ ਦਿੱਤੀ ਜਾਵੇ।